Downloaded From : http://cbseportal.com/

# ਨਮੂਨੇ ਦਾ ਪ੍ਰਸ਼ਨ-ਪੱਤਰ (ਟਰਮ I)

## ਪੰਜਾਬੀ (004)

## ਜਮਾਤ: ਦਸਵੀਂ (X)

**Time Allowed: 90 Minute** | **Maximum Marks: 40**

**ਸਮਾਂ: 90 ਮਿੰਟ** | **ਅੰਕ: 40**

**ਆਮ ਨਿਰਦੇਸ਼:**

ਹੇਠ ਲਿਖੇ ਨਿਰਦੇਸ਼ਾਂ ਨੂੰ ਧਿਆਨ ਨਾਲ਼ ਪੜ੍ਹੋ ਅਤੇ ਉਹਨਾਂ ਦਾ ਪਾਲਣ ਕਰੋ :

- ਸਾਰੇ ਪ੍ਰਸ਼ਨ ਲਾਜ਼ਮੀ ਹਨ। ਪ੍ਰਸ਼ਨਾਂ ਵਿੱਚ ਚੋਣ ਵੀ ਦਿੱਤੀ ਗਈ ਹੈ। ਉਸ ਨੂੰ ਧਿਆਨ ਨਾਲ਼ ਵੇਖ ਕੇ ਹੱਲ ਕੀਤਾ ਜਾਵੇ।
- ਸਾਰੇ ਪ੍ਰਸ਼ਨ ਬਹੁ-ਵਿਕਲਪੀ ਉੱਤਰਾਂ ਵਾਲ਼ੇ ਹਨ ਅਤੇ ਹਰ ਪ੍ਰਸ਼ਨ ਦੇ ਅੰਕ ਬਰਾਬਰ ਹਨ।
- ਉੱਤਰਾਂ ਨੂੰ ਧਿਆਨ ਨਾਲ਼ ਲਿਖਿਆ/ਉੱਤਰ-ਸ਼ੀਟ 'ਤੇ ਦਰਜ ਕੀਤਾ ਜਾਵੇ।

## ਭਾਗ ਪਹਿਲਾ:ਪੜ੍ਹਨ ਕੌਸ਼ਨ (Part A: Reading Skill)

ਨੋਟ: ਹੇਠ ਲਿਖੇ ਦੋ ਪੈਰਿਆਂ ਅਤੇ ਇੱਕ ਕਾਵਿ-ਟੁਕੜੀ ਨੂੰ ਧਿਆਨ ਨਾਲ਼ ਪੜ੍ਹੋ ਅਤੇ ਉਹਨਾਂ ਦੇ ਹੇਠਾਂ ਪੁੱਛੇ ਗਏ ਪ੍ਰਸ਼ਨਾਂ ਵਿੱਚੋਂ ਕਿਸੇ ਪੰਜ (ਹਰੇਕ ਵਿੱਚੋਂ) ਦੇ ਉੱਤਰ ਉਹਨਾਂ ਦੇ ਹੇਠਾਂ ਦਿੱਤੇ ਗਏ ਵਿਕਲਪਾਂ ਵਿੱਚੋਂ ਚੁਣ ਕੇ ਲਿਖੋ/ਉੱਤਰ ਸ਼ੀਟ ਵਿੱਚ ਦਰਜ ਕਰੋ:

**a)** ਕਰੋਨਾ ਨਾਮਕ ਅਲਾਮਤ ਨੇ 2019 ਤੋਂ ਬਾਅਦ ਪੂਰੇ ਵਿਸ਼ਵ ਨੂੰ ਤਬਾਹੀ ਦੀ ਕਗਾਰ 'ਤੇ ਲਿਆ ਖੜ੍ਹਾ ਕੀਤਾ ਹੈ। ਇਸ ਨਾਮੁਰਾਦ ਬਿਮਾਰੀ ਨੇ ਲੋਕਾਂ ਨੂੰ ਬਹੁਤ ਹੀ ਖੌਫ਼ਨਾਕ ਝੰਜਟ ਵਿੱਚ ਫਸਾਇਆ ਹੈ। ਭਾਰਤੀ ਦੇ ਲੋਕ ਪਹਿਲੀ ਵਾਰ ਅਜਿਹੀ ਨਿਰਭਰ ਮਾਨਸਿਕਤਾ ਦੇ ਸ਼ਿਕਾਰ ਹੋਏ ਹਨ ਕਿ ਜੇ ਉਹ ਕੁਝ ਸੋਚਦੇ ਜਾਂ ਫ਼ੈਸਲਾ ਵੀ ਕਰਦੇ ਹਨ ਤਾਂ ਆਪ ਹੀ ਉਸ 'ਤੇ ਸ਼ੰਕੇ ਕਰਨ ਲੱਗ ਪੈਂਦੇ ਹਨ। ਕਰੋਨਾ ਅਲਾਮਤ ਨੇ ਸਿਹਤਮੰਦ ਸੰਸਾਰ ਦੇ ਸੰਕਲਪ ਅਤੇ ਦੇਸਾਂ ਦੀ ਆਰਥਿਕਤਾ 'ਤੇ ਡੂੰਘੀ ਸੱਟ ਹੀ ਨਹੀਂ ਮਾਰੀ, ਸਗੋਂ ਸਾਡੇ ਸਮਾਜਿਕ-ਸੱਭਿਆਚਾਰਕ ਤਾਣੇ-ਬਾਣੇ, ਸੰਗਠਤ ਵਿੱਦਿਅਕ ਢਾਂਚੇ ਤੇ ਤੰਦਰੁਸਤ ਮਾਨਸਿਕਤਾ ਨੂੰ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਕਰੋਨਾ-ਕਾਲ ਦੇ ਲਾਕ-ਡਾਊਨ ਦੇ ਵਕਫ਼ੇ ਸਮੇਂ ਭਾਰਤ ਦੇ ਲੋਕਾਂ ਦੀ ਮਜ਼ਬੂਤ ਮਾਨਸਿਕਤਾ ਦੀ ਨੀਂਹ ਹੀ ਹਿੱਲ ਗਈ। ਘਰਾਂ ਅੰਦਰ ਡੱਕੇ ਹੋਏ ਭਾਰਤੀ ਲੋਕ ਖ਼ਾਸਕਰ ਸ਼ਹਿਰੀ-ਕਿਉਂਕਿ ਪਿੰਡਾਂ ਵਿੱਚ ਤਾਂ ਫੇਰ ਵੀ ਮਾਹੌਲ ਥੋੜ੍ਹਾ ਖੁੱਲ੍ਹਾ ਸੀ-ਅਜੀਬ ਜਿਹੀ ਮਾਨਸਿਕਤਾ ਦੇ ਸ਼ਿਕਾਰ ਹੋਣ ਲੱਗ ਪਏ। ਕਰੋਨਾ-ਕਾਲ ਦੇ ਸ਼ੁਰੂ ਦੇ ਸਮੇਂ ਦੌਰਾਨ ਹਸਪਤਾਲ, ਡਿਸਪੈਂਸਰੀਆਂ

Downloaded From : http://cbseportal.com/ Courtesy : CBSE

Downloaded From : http://cbseportal.com/

ਆਦਿ ਦੂਜੀਆਂ ਹੋਰ ਬਿਮਾਰੀਆਂ ਲਈ ਭਾਵੇਂ ਬੰਦ ਰਹੇ ਪਰ ਹੈਰਾਨੀ ਦਾ ਗੱਲ ਇਹ ਰਹੀ ਕਿ ਲੋਕ ਬਿਮਾਰ ਵੀ ਘੱਟ ਹੋਏ ਭਾਵ ਨਿੱਕੀਆਂ-ਨਿੱਕੀਆਂ ਬਿਮਾਰੀ ਲਈ ਵੀ ਡਾਕਟਰ ਜਾਂ ਹਸਪਤਾਲਾਂ ਦਾ ਰੁਖ ਕਰਨ ਵਾਲ਼ੇ ਲੋਕਾਂ ਦੀ ਕਰੋਨਾ ਦੀ ਦਹਿਸ਼ਤ ਵਿੱਚ ਬਿਮਾਰੀ ਉਭਰ ਹੀ ਨਾ ਸਕੀ। ਹਰ ਬੰਦਾ ਅੰਦਰੋਂ ਤੰਦਰੁਸਤੀ ਦੀ ਧੁਨ ਕੱਢਦਾ ਸੀ।

❖ **ਉਪਰੋਕਤ ਪੈਰੇ ਦੇ ਆਧਾਰ 'ਤੇ ਪੁੱਛੇ ਗਏ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ:**

1. 2019 ਤੋਂ ਬਾਅਦ ਪੂਰੇ ਵਿਸ਼ਵ ਨੂੰ ਕਿਸ ਅਲਾਮਤ ਨੇ ਤਬਾਹੀ ਦੀ ਕਗਾਰ 'ਤੇ ਲਿਆ ਖੜ੍ਹਾ ਕੀਤਾ ਹੈ ?

   (i) ਪ੍ਰਦੂਸ਼ਣ

   (ii) ਪੋਲੀਓ

   (iii) ਕਰੋਨਾ

   (iv) ਨਸ਼ਾ

2. ਕਰੋਨਾ ਅਲਾਮਤ ਨੇ ਕਿਸ ਸੰਕਲਪ ਨੇ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ।

   (i) ਖ਼ੌਫ਼ਨਾਕ ਝੰਜਟ

   (ii) ਸਿਹਤਮੰਦ ਸੰਸਾਰ ਦੇ

   (iii) ਸ਼ੰਕੇ ਕਰਨ ਦੀ ਆਦਤ ਦੇ

   (iv) ਸ਼ਹਿਰੀ ਮਾਨਸਿਕਤਾ ਦੇ

3. ਲਾਕ-ਡਾਊਨ ਦੇ ਸਮੇਂ ਦੌਰਾਨ ਭਾਰਤ ਦੇ ਲੋਕਾਂ ਦੀ ਕਿਹੜੀ ਚੀਜ਼ ਦੀ ਨੀਂਹ ਹਿੱਲ ਗਈ?

   (i) ਨਿੱਤ ਨਵੀਆਂ ਖੋਜਾਂ ਦੀ

   (ii) ਨਿੱਕੀਆਂ-ਨਿੱਕੀਆਂ ਬਿਮਾਰੀਆਂ ਦੀ

   (iii) ਮਜ਼ਬੂਤ ਮਾਨਸਿਕਤਾ ਦੀ

   (iv) ਪੇਂਡੂ ਮਾਹੌਲ ਦੀ

4. ਲਾਕ-ਡਾਊਨ ਦੇ ਦੌਰਾਨ ਕਿੱਥੇ-ਕਿੱਥੇ ਥੋੜ੍ਹੀ ਬਹੁਤ ਖੁੱਲ੍ਹ ਰਹੀ ?

   (i) ਪਿੰਡਾਂ ਵਿੱਚ

   (ii) ਸ਼ਹਿਰਾਂ ਵਿੱਚ

   (iii) ਹਸਪਤਾਲਾਂ ਵਿੱਚ

   (iv) ਡਿਸਪੈਂਸਰੀਆਂ ਵਿੱਚ

Downloaded From : http://cbseportal.com/ Courtesy : CBSE

Downloaded From :http://cbseportal.com/

5. ਕਰੋਨਾ-ਕਾਲ ਦੇ ਸ਼ੁਰੂ ਦੇ ਸਮੇਂ ਦੌਰਾਨ ਹਸਪਤਾਲ ਤੇ ਡਿਸਪੈਂਸਰੀਆਂ ਕਰੋਨਾ ਨੂੰ ਛੱਡ ਕੇ ਕਿਸ ਲਈ ਬੰਦ ਰਹੇ ?

(i) ਦੂਜੀਆਂ ਹੋਰ ਬਿਮਾਰੀਆਂ ਲਈ

(ii) ਡਾਕਟਰਾਂ ਲਈ

(iii) ਨਰਸਾਂ ਲਈ

(iv) ਕੇਵਲ (ii) ਤੇ (iii) ਲਈ

6. ਨਿੱਕੀ-ਨਿੱਕੀ ਬਿਮਾਰੀ ਲਈ ਡਾਕਟਰ ਜਾਂ ਹਸਪਤਾਲਾਂ ਦਾ ਰੁਖ ਕਰਨ ਵਾਲੇ ਲੋਕਾਂ ਦੀ ਕਿਸ ਦੀ ਦਹਿਸ਼ਤ ਕਾਰਨ ਬਿਮਾਰੀ ਉਭਰ ਹੀ ਨਾ ਸਕੀ ?

(i) ਲੁਟੇਰਿਆਂ ਦੀ।

(ii) ਪੁਲਿਸ ਦੀ

(iii) ਹਸਪਤਾਲਾਂ ਦੀ

(iv) ਕਰੋਨਾ ਦੀ 1X5=5

**b)** ਕੁਦਰਤੀ ਖੇਤੀ ਤੋਂ ਅਰੰਭ ਹੋ ਕੇ ਅਜੋਕੀ ਮਸ਼ੀਨੀ ਖੇਤੀ ਤਕ ਪਹੁੰਚਣ ਦੇ ਵਕਫ਼ੇ ਦੌਰਾਨ ਖੇਤੀ ਨੇ ਬਹੁਤ ਸਾਰੇ ਉਤਰਾਅ-ਚੜ੍ਹਾਅ ਵੇਖੇ ਹਨ। ਮਨੁੱਖੀ ਸੱਭਿਆਚਾਰ ਦੇ ਵਿਕਾਸ ਵਿੱਚ ਖੇਤੀ ਦੂਸਰਾ ਮਹੱਤਵਪੂਰਨ ਪੜਾਅ ਹੈ, ਜਿੱਥੇ ਮਨੁੱਖ ਦੀ ਟੈਰੀਟੋਰੀਐਲਟੀ ਬਦਲਦੀ ਹੈ। ਸੰਸਾਰ ਵਿੱਚ ਖੇਤੀ-ਵਿਵਸਥਾ ਕਦੋਂ, ਕਿਸ ਖਿੱਤੇ ਵਿੱਚ ਤੇ ਕਿਵੇਂ ਸ਼ੁਰੂ ਹੋਈ ? ਸਵਾਲ ਵਿਦਵਾਨਾਂ ਲਈ ਸਦਾ ਹੀ ਦਿਲਚਸਪੀ ਦਾ ਵਿਸ਼ਾ ਰਹੇ ਹਨ। ਕੰਦ-ਮੂਲਾਂ ਅਤੇ ਜੰਗਲੀ ਜਾਨਵਰਾਂ ਦੇ ਕੱਚੇ ਮਾਸ ਦੇ ਸਹਾਰੇ ਆਪਣੀ ਜ਼ਿੰਦਗੀ ਦਾ ਸਫ਼ਰ ਸ਼ੁਰੂ ਕਰਕੇ ਅੱਜ ਦੇ ਇਸ ਅਤਿ-ਆਧੁਨਿਕ ਜ਼ਮਾਨੇ ਵਿੱਚ ਪਹੁੰਚਣ ਵਾਲੇ ਮਨੁੱਖ ਦੇ ਪਿਛੋਕੜ ਵਿੱਚ ਇੱਕ ਲੰਮਾ ਇਤਿਹਾਸ ਕਾਰਜਸ਼ੀਲ ਹੈ। ਖੇਤੀ-ਖੇਤਰ ਵਿੱਚ ਹੋਈਆਂ ਤਬਦੀਲੀਆਂ ਤੇ ਸਮਾਂ-ਕਾਲ ਵਿਦਵਾਨਾਂ ਲਈ ਵਾਦ-ਵਿਵਾਦ ਦਾ ਵਿਸ਼ਾ ਬਣਿਆ ਰਿਹਾ ਹੈ ਕਿਉਂਕਿ ਇਹਨਾਂ ਤਬਦੀਲੀਆਂ ਬਾਰੇ ਬਹੁਤ ਘੱਟ ਇਤਿਹਾਸਿਕ ਜਾਣਕਾਰੀ ਮਿਲ਼ਦੀ ਹੈ। ਹੁਣ ਤੀਕ ਪ੍ਰਾਪਤ ਵੇਰਵਿਆਂ ਅਨੁਸਾਰ ਪੰਜਾਬ ਦੀ ਸਭਿਅਤਾ ਸੰਸਾਰ ਦੀਆਂ ਪ੍ਰਾਚੀਨ ਤੇ ਉੱਨਤ ਸਭਿਅਤਾਵਾਂ ਵਿੱਚੋਂ ਹੈ। ਭਾਰਤ ਵਿੱਚ ਸਭ ਤੋਂ ਪਹਿਲਾਂ ਪੰਜਾਬ ਦੇ ਪਹਾੜੀ ਇਲਾਕਿਆਂ ਵਿਚਲੇ ਵਿਕਾਸ-ਕਾਲ ਵਿੱਚ ਖੇਤੀ ਲੋਕਾਂ ਦਾ ਪ੍ਰਮੁੱਖ ਕਿੱਤਾ ਸੀ, ਵੈਦਿਕ-ਕਾਲ ਤਕ

Downloaded From :http://cbseportal.com/ Courtesy : CBSE

Downloaded From :http://cbseportal.com/

ਪਹੁੰਚਦੇ-ਪਹੁੰਚਦੇ ਖੇਤੀ ਕਾਫ਼ੀ ਉੱਨਤ ਹੋ ਗਈ। ਇਸੇ ਤਰ੍ਹਾਂ ਹਰਸ਼ ਵਰਧਨ ਕਾਲ, ਗੁਪਤ ਕਾਲ, ਮੁਗ਼ਲ ਕਾਲ, ਸਿੱਖ ਰਾਜ ਕਾਲ, ਅੰਗਰੇਜ਼ੀ ਸ਼ਾਸ਼ਨ ਆਦਿ ਦੌਰਾਨ ਪੰਜਾਬ ਦੀ ਖੇਤੀ ਨੇ ਬਹੁਤ ਸਾਰੇ ਉਤਰਾਅ-ਚੜ੍ਹਾਅ ਵੇਖੇ। ਆਮ ਤੌਰ 'ਤੇ ਬਹੁਤੇ ਮਾਨਵ-ਵਿਗਿਆਨੀ ਖੇਤੀ ਦੀ ਉਤਪਤੀ ਨੂੰ ਇਸਤਰੀ ਨਾਲ਼ ਜੋੜਦੇ ਹਨ। ਭਾਰਤੀ ਪੁਰਾਤੱਤਵ ਵਿਭਾਗ ਦੇ ਸਰਵੇਖਣ ਅਨੁਸਾਰ ਕਸ਼ਮੀਰ ਵਿੱਚ ਨਵ-ਪੱਥਰ ਯੁੱਗ ਵਿੱਚ ਖੇਤੀ ਹੋਣ ਦੇ ਸਬੂਤ ਮਿਲੇ ਹਨ।

❖ **ਉਪਰੋਕਤ ਪੈਰੇ ਦੇ ਆਧਾਰ 'ਤੇ ਪੁੱਛੇ ਗਏ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ:**

7. ਮਨੁੱਖੀ ਸੱਭਿਆਚਾਰ ਦੇ ਵਿਕਾਸ ਵਿੱਚ ਦੂਸਰਾ ਮਹੱਤਵਪੂਰਨ ਪੜਾਅ ਕਿਹੜਾ ਹੈ,?

   (i) ਉਦਯੋਗਿਕ ਕ੍ਰਾਂਤੀ

   (ii) ਖੇਤੀ

   (iii) ਅੰਗ੍ਰੇਜ਼ਾਂ ਦੇ ਸੁਧਾਰ

   (iv) ਪੱਥਰ ਯੁੱਗ

8. ਖੇਤੀ-ਖੇਤਰ ਵਿੱਚ ਹੋਈਆਂ ................................ ਵਿਦਵਾਨਾਂ ਲਈ ਵਾਦ-ਵਿਵਾਦ ਦਾ ਵਿਸ਼ਾ ਬਣਿਆ ਰਿਹਾ ਹੈ। (ਦਿੱਤੇ ਵਿਕਲਪਾਂ ਵਿੱਚੋਂ ਸਹੀ ਵਿਕਲਪ ਚੁਣ ਕੇ ਖ਼ਾਲੀ ਸਥਾਨ ਭਰੋ )

   (i) ਮੁਸ਼ਕਲਾਂ

   (ii) ਤਬਾਹੀਆਂ

   (iii) ਫ਼ਸਲਾਂ

   (iv) ਤਬਦੀਲੀਆਂ ਤੇ ਸਮਾਂ-ਕਾਲ

9. ਹੁਣ ਤੀਕ ਪ੍ਰਾਪਤ ਵੇਰਵਿਆਂ ਅਨੁਸਾਰ ਪੰਜਾਬ ਦੀ ਸਭਿਅਤਾ ਸੰਸਾਰ ਦੀਆਂ ਕਿਹੋ ਜਿਹੀਆਂ ਸਭਿਅਤਾਵਾਂ ਵਿੱਚੋਂ ਹੈ ?

   (i) ਪ੍ਰਾਚੀਨ ਤੇ ਉੱਨਤ

   (ii) ਪਿਛੜੀ ਤੇ ਪਿਛਾਂਹ-ਖਿੱਚੂ

   (iii) ਲੜਾਕੀ ਤੇ ਅਸਭਿਅਕ

   (iv) ਕੱਟੜ-ਪੰਥੀ ਤੇ ਜ਼ਿੱਦੀ

Downloaded From :http://cbseportal.com/ Courtesy : CBSE

Downloaded From :http://cbseportal.com/

10. ਕੁਦਰਤੀ ਖੇਤੀ ਤੋਂ ਅਰੰਭ ਹੋ ਕੇ ਅਜੋਕੀ ਮਸ਼ੀਨੀ ਖੇਤੀ ਤਕ ਪਹੁੰਚਣ ਦੇ ਵਕਫ਼ੇ ਦੌਰਾਨ ਖੇਤੀ ਨੇ ਬਹੁਤ ਸਾਰੇ ਕੀ ਵੇਖੇ ਹਨ ?

(i) ਪਹਾੜ ਤੇ ਜੰਗਲ਼

(ii) ਉਤਰਾਅ-ਚੜ੍ਹਾਅ

(iii) ਪੰਛੀ ਤੇ ਜਾਨਵਰ

(iv) ਕੇਵਲ (i) ਤੇ (iii)

11. ਆਮ ਤੌਰ 'ਤੇ ਬਹੁਤੇ ਮਾਨਵ-ਵਿਗਿਆਨੀ ਖੇਤੀ ਦੀ ਉਤਪਤੀ ਨੂੰ ਕਿਸ ਨਾਲ਼ ਜੋੜਦੇ ਹਨ?

(i) ਅੰਗ੍ਰੇਜ਼ੀ ਸ਼ਾਸਨ ਨਾਲ਼

(ii) ਸਿੱਖ ਰਾਜ ਨਾਲ਼

(iii) ਇਸਤਰੀ ਨਾਲ਼

(iv) ਮੁਗਲ ਸ਼ਾਸਨ ਨਾਲ਼

12. ਭਾਰਤੀ ਪੁਰਾਤੱਤਵ ਵਿਭਾਗ ਦੇ ਸਰਵੇਖਣ ਅਨੁਸਾਰ ਕਸ਼ਮੀਰ ਵਿੱਚ ਕਿਹੜੇ ਯੁੱਗ ਵਿੱਚ ਖੇਤੀ ਹੋਣ ਦੇ ਸਬੂਤ ਮਿਲੇ ਹਨ?

(i) ਨਵ-ਪੱਥਰ

(ii) ਮਹਾਰਾਜਾ ਰਣਜੀਤ ਸਿੰਘ ਕਾਲ

(iii) ਬ੍ਰਿਟਿਸ਼ ਸ਼ਾਸਨ

(iv) ਦੇਸ ਦੇ ਅਜ਼ਾਦ ਹੋਣ ਤੋਂ ਬਾਅਦ 1X5=5

**c)** ਹਰ ਮੋੜ ਚੱਲਦੀ ਘੁਲਾੜੀ ਕਿੰਨੀ ਚੰਗੀ ਲੱਗਦੀ,
ਬਲ਼ਦਾਂ ਦੀ ਜੋੜੀ ਅੱਗੇ-ਅੱਗੇ ਭੱਜਦੀ ।
ਬਲ਼ਦਾਂ ਨੂੰ ਚਾਚਾ, ਚਾਵਾਂ ਨਾਲ਼ ਹੱਕਦਾ,
ਵੇਲਣੇ 'ਚ ਗੰਨੇ ਦੇਂਦਾ, ਤਾਇਆ ਨਾ ਥੱਕਦਾ ।
ਗੰਨਿਆਂ ਦੀ ਭਰੀ 'ਛੱਜਾ' ਗਿਆ ਸੁੱਟ ਕੇ,
ਗੰਨੇ ਘੜੇ ਕਾਮਿਆਂ, ਕਮਾਦੋਂ ਕੱਟ ਕੇ ।

❖ **ਉਪਰੋਕਤ ਕਾਵਿ-ਟੁਕੜੀ ਦੇ ਆਧਾਰ 'ਤੇ ਪੁੱਛੇ ਗਏ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ:**

Downloaded From :http://cbseportal.com/ Courtesy : CBSE

Downloaded From : http://cbseportal.com/

13. ਚੱਲਦੀ ਘੁਲਾੜੀ ਕਿਹੋ ਜਿਹੀ ਲੱਗਦੀ ਹੈ ?

(i) ਚੰਗੀ

(ii) ਮੰਦੀ

(iii) ਬਹੁਤ ਭਾਰੀ

(iv) ਬਹੁਤ ਹਲਕੀ

14. ਅੱਗੇ-ਅੱਗੇ ਕੀ ਭੱਜਦਾ ਹੈ ?

(i) ਬੱਚਿਆਂ ਦੀ ਟੋਲੀ

(ii) ਟ੍ਰੈਕਟਰ

(iii) ਬਲ਼ਦਾਂ ਦੀ ਜੋੜੀ

(iv) ਇਹਨਾਂ ਵਿੱਚੋਂ ਕੋਈ ਵੀ ਨਹੀਂ

15. ਬਲ਼ਦਾਂ ਨੂੰ ਚਾਵਾਂ ਨਾਲ਼ ਕੌਣ ਹੱਕਦਾ ਹੈ ?

(i) ਦਾਦਾ

(ii) ਬਾਪੂ

(iii) ਤਾਇਆ

(iv) ਚਾਚਾ

16. ਗੰਨਿਆਂ ਦੀ ਭਰੀ ਕੌਣ ਸੁੱਟ ਕੇ ਗਿਆ ਹੈ ?

(i) ਛੱਜਾ

(ii) ਬਨੇਰਾ

(iii) ਪਰਨਾਲ਼ਾ

(iv) ਕੰਧ

17. ਤਾਇਆ ਕੀ ਕਰਦਾ ਥੱਕ ਨਹੀਂ ਰਿਹਾ ਹੈ ?

(i) ਗੁੜ ਖਾਂਦਾ

(ii) ਵੇਲਣੇ 'ਚ ਗੰਨੇ ਦਿੰਦਾ

(iii) ਗੰਨੇ ਘੜਦਾ

(iv) ਬਲ਼ਦਾਂ ਦੇ ਅੱਗੇ-ਅੱਗੇ ਭੱਜਦਾ

Downloaded From : http://cbseportal.com/ Courtesy : CBSE

Downloaded From :http://cbseportal.com/

18. 'ਘੁਲਾੜੀ' ਸ਼ਬਦ ਦੇ ਕੀ ਅਰਥ ਹਨ ?

(i) ਘੁਲਣ ਵਾਲੇ ਆੜੀ

(ii) ਗੰਨਾ ਪੀੜਨ ਅਤੇ ਗੁੜ ਤੇ ਸ਼ੱਕਰ ਬਣਾਉਣ ਦਾ ਇੱਕ ਕਿਸਮ ਦਾ ਯੰਤਰ

(iii) ਬਲ਼ਦਾਂ ਨਾਲ਼ ਖੇਤੀ ਕਰਨਾ

(iv) ਫ਼ਸਲ ਨੂੰ ਕੱਟਣਾ 1X5=5

## ਭਾਗ ਦੂਜਾ: ਵਿਆਕਰਨ (Part B: Grammar)

### ਸਮਾਸੀ ਸ਼ਬਦ (ਪੁੱਛੇ ਗਏ ਅਨੁਸਾਰ ਪੰਜ ਪ੍ਰਸ਼ਨਾਂ ਵਿੱਚੋਂ ਕੋਈ ਚਾਰ ਹੱਲ ਕਰੋ)

19. ਹੇਠ ਲਿਖੇ ਵਿਕਲਪਾਂ ਵਿੱਚੋਂ ਕਿਹੜਾ ਇੱਕ ਸਮਾਸੀ ਸ਼ਬਦ ਹੈ :

(i) ਧਰਮ

(ii) ਇੱਜਤ-ਮਾਣ

(iii) ਕਮਜ਼ੋਰੀ

(iv) ਰੋਸ਼ਨੀ

20. ਹੇਠ ਲਿਖਿਆਂ ਵਿੱਚੋਂ ਕਿਹੜਾ ਸਮਾਸੀ ਸ਼ਬਦ ਸਾਰਥਕ ਤੇ ਨਿਰਾਰਥਕ ਸ਼ਬਦਾਂ ਦੇ ਸੁਮੇਲ ਨਾਲ਼ ਬਣਿਆ ਹੈ :

(i) ਇੱਟ-ਖੜਿੱਕਾ

(ii) ਨਿੱਕਾ-ਮੋਟਾ

(iii) ਪਿੱਟ-ਸਿਆਪਾ

(iv) ਵੇਲਾ-ਕੁਵੇਲਾ

21. ਹੇਠ ਲਿਖਿਆਂ ਵਿੱਚੋਂ ਕਿਹੜਾ ਸਮਾਸੀ ਸ਼ਬਦ ਵਿਰੋਧਾਰਥਕ ਸ਼ਬਦਾਂ ਦੇ ਸੁਮੇਲ ਨਾਲ਼ ਬਣਿਆ ਹੈ:

(i) ਲਾਲ-ਸੁਰਖ

(ii) ਦਿਨ-ਭਰ

(iii) ਸਵੇਰ-ਸ਼ਾਮ

(iv) ਵੇਲ਼-ਬੂਟੇ

22. 'ਚੁਗ਼ਲ ਅਤੇ ਖ਼ੋਰ' ਤੋਂ ਕਿਹੜਾ ਸਮਾਸੀ ਸ਼ਬਦ ਬਣੇਗਾ ?

(i) ਚੁਗ਼ਲ ਅਤੇ ਖ਼ੋਰੀ

(ii) ਚੁਗ਼ਲਾਂ ਦਾ ਖ਼ੋਰ

(iii) ਚੁਗ਼ਲਖ਼ੋਰੀ

(iv) ਚੁਗ਼ਲ-ਖ਼ੋਰ

Downloaded From :http://cbseportal.com/ Courtesy : CBSE

Downloaded From :http://cbseportal.com/

23.ਹੇਠ ਲਿਖਿਆਂ ਵਿੱਚੋਂ ਕਿਹੜਾ ਸ਼ਬਦ ਸਮਾਸੀ ਨਹੀਂ ਹੈ ?

(i) ਰੋਟੀ-ਪਾਣੀ

(ii) ਰੋਟੀ-ਟੁੱਕ

(iii) ਰੋਟੀ-ਪੂਰੀ

(iv) ਰੋਜ਼ੀ-ਰੋਟੀ 1X4=4

## ਬਹੁ-ਅਰਥਕ ਸ਼ਬਦ (ਪੁੱਛੇ ਗਏ ਅਨੁਸਾਰ ਪੰਜ ਪ੍ਰਸ਼ਨਾਂ ਵਿੱਚੋਂ ਕੋਈ ਚਾਰ ਹੱਲ ਕਰੋ)

24.ਹੇਠ ਲਿਖੇ ਵਿਕਲਪਾਂ ਵਿੱਚੋਂ ਕਿਹੜਾ 'ਭਾਰ' ਦਾ ਬਹੁ-ਅਰਥਕ ਸ਼ਬਦ ਨਹੀਂ ਹੈ :

(i) ਵਜ਼ਨ

(ii) ਤਾਕਤ

(iii) ਅਹਿਸਾਨ

(iv) ਦਬਾਊ

25.'ਵੰਡ' ਸ਼ਬਦ ਦਾ ਇੱਕ ਅਰਥ ਹੈ; 'ਖਲ-ਵੜੇਵੇਂ', ਹੋਰ ਕੀ-ਕੀ ਅਰਥ ਹੋ ਸਕਦੇ ਹਨ ? ਸਹੀ ਵਿਕਲਪ ਚੁਣੋ :

(i) ਵੰਡਣਾ, ਦਾਨ ਕਰਨਾ

(ii) ਝਗੜਨਾ, ਪੱਲਾ

(iii) ਵਾਰੀ, ਦਿਨ

(iv) ਉਪਰੋਕਤ ਸਾਰੇ ਹੀ

26. ਹੇਠ ਲਿਖੇ ਵਾਕ ਵਿਚਲੀਆਂ ਖਾਲੀ ਥਾਵਾਂ ਭਰਨ ਲਈ ਬਹੁ-ਅਰਥਕ ਸ਼ਬਦ ਚੁਣ ਕੇ ਵਰਤੋ :

ਅੱਜ ਬੜਾ ............. ਹੈ ਪਰ ਉਹ ਧੁੱਪ ਵਿੱਚ ਹੀ ਬਾਣ............ ਰਹੇ ਹਨ। :

(i) ਸੋਹਣਾ

(ii) ਵੱਟ

(iii) ਗਰਮ

(iv) ਧੋਣਾ

27.ਬਹੁ-ਅਰਥਕ ਸ਼ਬਦ ਉਹ ਹੁੰਦੇ ਹਨ:

(i) ਜਿਨ੍ਹਾਂ ਸ਼ਬਦਾਂ ਦਾ ਉਚਾਰਨ ਅਤੇ ਅਰਥ ਅਲੱਗ-ਅਲੱਗ ਹੋਣ

(ii) ਜਿਨ੍ਹਾਂ ਸ਼ਬਦਾਂ ਦਾ ਅਰਥ ਬਿਲਕੁਲ ਉਲਟਾ ਹੋਵੇ

(iii)ਜਿਨ੍ਹਾਂ ਸ਼ਬਦਾਂ ਦਾ ਉਚਾਰਨ ਲਗਪਗ ਇੱਕੋ ਜਿਹਾ ਹੋਵੇ ਪਰ ਅਰਥ ਵੱਖਰੇ-ਵੱਖਰੇ ਹੋਣ

(iv) ਜਿਨ੍ਹਾਂ ਸ਼ਬਦਾਂ ਦਾ ਉਚਾਰਨ ਅਲੱਗ-ਅਲੱਗ ਹੋਵੇ ਪਰ ਅਰਥ ਇੱਕੋ ਜਿਹਾ ਹੋਵੇ

Downloaded From :http://cbseportal.com/ Courtesy : CBSE

Downloaded From :http://cbseportal.com/

28.ਹੇਠ ਲਿਖਿਆਂ ਵਿੱਚੋਂ ਕਿਹੜਾ ਸ਼ਬਦ 'ਆਖਣਾ' ਲਈ ਵਰਤਿਆ ਜਾਵੇਗਾ :

(i) ਖੁਰਪਾ

(ii) ਕਹੀ

(iii) ਦਾਤਰੀ

(iv) ਗੰਡਾਸਾ 1X4=4

## ਮੁਹਾਵਰੇ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ)

29.ਸਹੀ ਸ਼ਬਦ ਚੁਣ ਕੇ ਮੁਹਾਵਰਾ ਪੂਰਾ ਕਰੋ :

ਸੱਜੀ ............. ਹੋਣਾ ।

(i) ਉਂਗਲ

(ii) ਲੱਤ

(iii) ਖੱਬੀ

(iv) ਬਾਂਹ

30.ਹੇਠ ਲਿਖੇ ਵਾਕ ਲਈ ਠੀਕ ਮੁਹਾਵਰਾ ਚੁਣੋ-

ਕੇਂਦਰ ਸੁਪਰਡੈਂਟ ਨੇ ਨਿਗਰਾਨ ਅਮਲੇ ਨੂੰ ਕਿਹਾ ਕਿ ਦਸਵੀਂ ਜਮਾਤ ਦੇ ਪ੍ਰਸ਼ਨ-ਪੱਤਰ ਆ ਗਏ ਹਨ, ਕਿਸੇ ਨੂੰ ਇਸ ਦੀ...................................... ।

(i) ਅਲਮਾਰੀ ਬਾਰੇ ਦੱਸੋ

(ii) ਖ਼ਬਰ ਤਾਂ ਪਤਾ ਲੱਗੇ

(iii) ਕੰਨੋਂ ਕੰਨੀ ਖ਼ਬਰ ਨਾ ਹੋਵੇ

(iv) ਚੌਕੀਦਾਰੀ ਨੂੰ ਖ਼ਬਰ ਕਰੋ

31. ਬੇ-ਫ਼ਿਕਰ ਹੋ ਕੇ ਸੌਣ ਲਈ ਕਿਹੜੇ ਮੁਹਾਵਰੇ ਦੀ ਵਰਤੋਂ ਕੀਤੀ ਜਾਂਦੀ ਹੈ ?

(i) ਘੋੜੇ ਵੇਚ ਕੇ ਸੌਣਾ

(ii) ਘੋੜੇ ਵੇਚਣਾ ਤੇ ਸੌਣਾ

(iii) ਪਰੀਖਿਆ ਦੇ ਕੇ ਸੌਣਾ

(iv) ਡੱਕਾ ਨਾ ਤੋੜਨਾ 1X2=2

Downloaded From :http://cbseportal.com/ Courtesy : CBSE

Downloaded From :http://cbseportal.com/

## ਭਾਗ ਤੀਜਾ: ਪਾਠ-ਪੁਸਤਕਾਂ 'ਤੇ ਆਧਾਰਿਤ ਪ੍ਰਸ਼ਨ

### (Part C: Text Books based questions)

**ਕਵਿਤਾਵਾਂ ਵਿੱਚੋਂ (ਪੁੱਛੇ ਗਏ ਅਨੁਸਾਰ ਪੰਜ ਪ੍ਰਸ਼ਨਾਂ ਵਿੱਚੋਂ ਕੋਈ ਚਾਰ ਹੱਲ ਕਰੋ) :**

32. 'ਸੋ ਕਿਉ ਮੰਦਾ ਆਖੀਐ' ਬਾਣੀ ਕਿਸ ਗੁਰੂ ਸਾਹਿਬ ਦੀ ਰਚਨਾ ਹੈ ?

(i) ਸ੍ਰੀ ਗੁਰੂ ਅੰਗਦ ਦੇਵ ਜੀ

(ii) ਸ੍ਰੀ ਗੁਰੂ ਨਾਨਕ ਦੇਵ ਜੀ

(iii) ਸ੍ਰੀ ਗੁਰੂ ਅਮਰਦਾਸ ਜੀ

(iv) ਸ੍ਰੀ ਗੁਰੂ ਅਰਜਨ ਦੇਵ ਜੀ

33. 'ਸੋ ਕਿਉ ਮੰਦਾ ਆਖੀਐ' ਬਾਣੀ ਵਿਚ ਗੁਰੂ ਸਾਹਿਬ ਨੇ ਇਸਤਰੀ ਤੋਂ ਬਿਨਾਂ ਕੇਵਲ ਕਿਸ ਦੀ ਹੋਂਦ ਸਵੀਕਾਰ ਕੀਤੀ ਗਈ ਹੈ ?

(i) ਮਨੁੱਖ ਦੀ

(ii) ਇਸਤਰੀ ਦੀ

(iii) ਪਰਮਾਤਮਾ ਦੀ

(iv) ਉਪਰੋਕਤ ਵਿੱਚੋਂ ਕੋਈ ਨਹੀਂ

34. ਹੇਠ ਦਿੱਤੇ ਵਿਕਲਪਾਂ ਵਿੱਚੋਂ ਕਿਹੜੀ ਰਚਨਾ ਸ੍ਰੀ ਗੁਰੂ ਅਮਰਦਾਸ ਜੀ ਦੀ ਹੈ ?

(i) ਕਿਰਪਾ ਕਰਿ ਕੈ ਬਖਸਿ ਲੈਹੁ

(ii) ਸੋ ਕਿਉ ਮੰਦਾ ਆਖੀਐ

(iii) ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ

(iv) ਸਤਿਗੁਰ ਨਾਨਕ ਪ੍ਰਗਟਿਆ

35. "ਕਿਰਪਾ ਕਰਿ ਕੈ ਬਖਸਿ ਲੈਹੁ" ਬਾਣੀ ਵਿਚ 'ਖਤੇ' ਸ਼ਬਦ ਦਾ ਕੀ ਅਰਥ ਹੈ ?

(i) ਖ਼ਤ

(ii) ਭੁੱਲ

(iii) ਕਮਾਈ

(iv) ਲੇਖਾ

36. ਸ੍ਰੀ ਗੁਰੂ ਨਾਨਕ ਦੇਵ ਜੀ ਅਨੁਸਾਰ ਕਿਨ੍ਹਾਂ ਦੇ ਮੁਖੜੇ ਉਜਲੇ ਹੁੰਦੇ ਹਨ ?

(i) ਜਿਹੜੇ ਰੋਜ਼ ਮੂੰਹ ਧੋਂਦੇ ਹਨ ।

(ii) ਜਿਹੜੇ ਰੋਜ਼ ਚੰਦਨ ਲਗਾਉਂਦੇ ਹਨ

(iii) ਜਿਹੜੇ ਪ੍ਰਭੂ ਤੋਂ ਬੇਮੁਖ ਹੁੰਦੇ ਹਨ

(iv) ਜਿਹੜੇ ਪ੍ਰਭੂ ਦੀ ਸਿਫ਼ਤ ਕਰਦੇ ਹਨ 1X4=4

Downloaded From :http://cbseportal.com/ Courtesy : CBSE

Downloaded From : http://cbseportal.com/

**ਵਾਰਤਕ ਵਿੱਚੋਂ (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ਚਾਰ ਪੰਜ ਕਰੋ) :**

37. **'ਘਰ ਦਾ ਪਿਆਰ'** ਲੇਖ ਕਿਸ ਦਾ ਲਿਖਿਆ ਹੋਇਆ ਹੈ ?

**(i)** ਪ੍ਰਿੰਸੀਪਲ ਪਿਆਰਾ ਸਿੰਘ

**(ii)** ਪ੍ਰਿੰਸੀਪਲ ਕਪੂਰ ਸਿੰਘ

**(iii)** ਪ੍ਰਿੰਸੀਪਲ ਮੋਹਨ ਸਿੰਘ

**(iv)** ਪ੍ਰਿੰਸੀਪਲ ਤੇਜਾ ਸਿੰਘ

38. **'ਘਰ ਦਾ ਪਿਆਰ'** ਲੇਖ ਅਨੁਸਾਰ ਮੁੰਡਿਆਂ ਅਤੇ ਵਿਦਿਆਰਥੀਆਂ ਅੰਦਰ ਗ਼ੈਰ-ਜ਼ੁੰਮੇਵਾਰੀ ਵਾਲ਼ਾ ਵਤੀਰਾ ਕਿਉਂ ਪੈਦਾ ਹੋ ਜਾਂਦਾ ਹੈ ?

(i) ਪਹਾੜਾਂ 'ਤੇ ਰਹਿਣ ਕਾਰਨ

(ii) ਬੋਰਡਿੰਗ ਦੀ ਰਹਿਣੀ-ਬਹਿਣੀ ਕਾਰਨ

(iii) ਮਾੜੇ ਲੋਕਾਂ ਦੀ ਸੰਗਤ ਕਾਰਨ

(iv) ਕਿਸੇ ਡਰ ਦੇ ਕਾਰਨ

39. ਕਿਹੜਾ ਫ਼ਿਲਾਸਫ਼ਰ ਆਪਣੀ ਪਤਨੀ 'ਤੇ ਖਿੱਝਿਆ ਰਹਿੰਦਾ ਸੀ ?

(i) ਸ਼ੈਕਸਪੀਅਰ

(ii) ਟਾਲਸਟਾਏ

(iii) ਕਾਰਲਾਈਲ

(iv) ਲਿਓਨਾਰਦੋ ਦਾ ਵਿੰਸੀ

40. ਬੋਲੀ ਦਾ ਖ਼ਜ਼ਾਨਾ ਕਿਸ ਦੇ ਚੌਗਿਰਦੇ ਵਿੱਚੋਂ ਜੁੜਨਾ ਸ਼ੁਰੂ ਹੁੰਦਾ ਹੈ ?

(i) ਬਚਪਨ

(ii) ਜਵਾਨੀ

(iii) ਬੁਢਾਪਾ

(iv) ਉਮਰ

41. '**ਬੋਲੀ**' ਲੇਖ ਅਨੁਸਾਰ ਸਾਡੀ ਦੌਲਤ ਕੀ ਹੈ ?

(i) ਸਿੱਕੇ

(ii) ਨੋਟ

(iii) ਸੋਨਾ

(iv) ਤਜਰਬਾ

Downloaded From : http://cbseportal.com/ Courtesy : CBSE

Downloaded From : http://cbseportal.com/

42. ਵੇਖਣਾ, ਖੇਡਣਾ, ਮਿਲ਼ਣਾ, ਪਿਆਰਨਾ, ਕੁਝ ਜੋੜਨਾ, ਕੁਝ ਤੋੜਨਾ ਆਦਿ ਅਸਲੀ ਤਜਰਬੇ ਸਾਡੀ ਸ਼ਖ਼ਸੀਅਤ ਨੂੰ ਕੀ ਬਣਾਉਂਦੇ ਹਨ ?

(i) ਗ਼ਰੀਬ

(ii) ਅਮੀਰ

(iii) ਨੀਰਸ

(iv) ਦਿਲਚਸਪ 1X5=5

**ਕਹਾਣੀ ਵਿੱਚੋਂ (ਪੁੱਛੇ ਗਏ ਅਨੁਸਾਰ ਚਾਰ ਪ੍ਰਸ਼ਨਾਂ ਵਿੱਚੋਂ ਕੋਈ ਤਿੰਨ ਹੱਲ ਕਰੋ) :**

43. '**ਕੁਲਫ਼ੀ**' ਕਹਾਣੀ ਦਾ ਰਚਨਾਕਾਰ ਹੈ ?

(i) ਵਰਿਆਮ ਸਿੰਘ ਸੰਧੂ

(ii) ਸੁਜਾਨ ਸਿੰਘ

(iii) ਗੁਰਬਖ਼ਸ਼ ਸਿੰਘ ਪ੍ਰੀਤਲੜੀ

(iv) ਕੁਲਵੰਤ ਸਿੰਘ ਵਿਰਕ

44. ਲੇਖਕ ਵੱਲੋਂ ਆਪਣੇ ਦੋਸਤ ਤੋਂ ਮੰਗ ਕੇ ਲਿਆਂਦੇ ਰੁਪਏ ਕਿਸ ਨੇ ਲੈ ਲਏ ?

(i) ਬੱਚੇ ਨੇ

(ii) ਪਤਨੀ ਨੇ

(iii) ਭੈਣ ਨੇ

(iv) ਭਰਾ ਨੇ

45. '**ਕੁਲਫ਼ੀ**' ਕਹਾਣੀ ਵਿੱਚ ਕਾਕੇ ਨੇ ਮੁਰਮੁਰੇ ਲਈ ਲੇਖਕ ਤੋਂ ਕਿੰਨੇ ਪੈਸੇ ਮੰਗੇ ?

(i) ਇੱਕ ਪੈਸਾ

(ii) ਇੱਕ ਆਨਾ

(iii) ਇੱਕ ਟਕਾ

(iv) ਇੱਕ ਧੇਲਾ

46. ਪੈਸੇ ਦੀ ਤੰਗੀ .................. ਤੋਂ ਭੈੜੀ ਹੁੰਦੀ ਹੈ । (ਸਹੀ ਵਿਕਲਪ ਚੁਣ ਕੇ ਖ਼ਾਲੀ ਸਥਾਨ ਭਰੋ)

(i) ਭੁੱਖ

(ii) ਕਪੜੇ

(iii) ਦੋਸਤਾਂ

(iv) ਹਵਾਲਾਤ

1X3=3

Downloaded From : http://cbseportal.com/ Courtesy : CBSE

Downloaded From : http://cbseportal.com/

## ਇਕਾਂਗੀ ਵਿੱਚੋਂ (ਪੁੱਛੇ ਗਏ ਅਨੁਸਾਰ ਚਾਰ ਪ੍ਰਸ਼ਨਾਂ ਵਿੱਚੋਂ ਕੋਈ ਤਿੰਨ ਹੱਲ ਕਰੋ) :

47. 'ਜ਼ਫ਼ਰਨਾਮਾ' ਇਕਾਂਗੀ ਦਾ ਇਕਾਂਗੀਕਾਰ ਹੈ ?

(i) ਪਾਂਧੀ ਨਨਕਾਣਵੀ

(ii) ਹਰਚਰਨ ਸਿੰਘ

(iii) ਕਪੂਰ ਸਿੰਘ ਘੁੰਮਣ

(iv) ਪਾਲੀ ਭੁਪਿੰਦਰ

48. ਗੁਰੂ ਗੋਬਿੰਦ ਸਿੰਘ ਜੀ ਔਰੰਗਜ਼ੇਬ ਨੂੰ ਕਿਸ ਥਾਂ 'ਤੇ ਮਿਲਣਾ ਚਾਹੁੰਦੇ ਸਨ ?

(i) ਦੀਨਾ ਕਾਂਗੜ

(ii) ਮੋਰਿੰਡਾ

(iii) ਆਨੰਦਪੁਰ ਸਾਹਿਬ

(iv) ਇਹਨਾਂ ਵਿਚੋਂ ਕੋਈ ਨਹੀਂ

**49.** 'ਜ਼ਫ਼ਰਨਾਮਾ' ਇਕਾਂਗੀ ਦੀ ਘਟਨਾ ਕਦੋਂ ਵਾਪਰੀ **?**

**(i) 1704** ਈਸਵੀ

**(ii) 1705** ਈਸਵੀ

**(iii) 1706** ਈਸਵੀ

**(iv) 1706** ਈਸਾ ਪੂਰਵ

50. ਔਰੰਗਜ਼ੇਬ ਨੂੰ 'ਜ਼ਫ਼ਰਨਾਮਾ' ਕਿਸ ਦੁਆਰਾ ਲਿਖਿਆ ਗਿਆ ?

(i) ਗੁਰੂ ਅਰਜਨ ਦੇਵ ਜੀ

(ii) ਗੁਰੂ ਹਰਿਗੋਬਿੰਦ ਸਾਹਿਬ ਜੀ

(iii) ਗੁਰੂ ਤੇਗ਼ ਬਹਾਦਰ ਜੀ

(iv) ਗੁਰੂ ਗੋਬਿੰਦ ਸਿੰਘ ਜੀ 1X3 = 3

Downloaded From : http://cbseportal.com/ Courtesy : CBSE